

# ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ)

# ਉੱਤਰ ਤਾਲਮੇਲ ਕਮੇਟੀ (NCC)

# ਪ੍ਰੈਸ ਰੀਲੀਜ਼

........................................................................................................................

ਮਿਤੀ: 28 ਸਤੰਬਰ, 2026.

## ਸੱਜੇ-ਪੱਖੀ ਮੌਕਾਪ੍ਰਸਤ ਗ਼ਦਾਰ ਸੁਰੇਂਦਰ ਉਰਫ ਜਲਾਲ ਅਤੇ ਸੁਖਵਿੰਦਰ ਕੌਰ ਦਾ ਪਰਦਾਫਾਸ਼ ਕਰੋ!

## ਸੱਜੇ-ਪੱਖੀ ਮੌਕਾਪ੍ਰਸਤੀ ਨੂੰ ਪੰਜਾਬ ਦੀ ਮਿੱਟੀ 'ਚ ਮਿਲਾ ਦਿਓ!

## ਮਾਰਕਸਵਾਦ-ਲੈਨਿਨਵਾਦ-ਮਾਓਵਾਦ ਦਾ ਲਾਲ ਝੰਡਾ ਬੁਲੰਦ ਕਰੋ!

ਕਾਮਰੇਡੋ ਅਤੇ ਪਿਆਰੇ ਲੋਕੋ,

ਤੁਹਾਨੂੰ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਅਸੀਂ ਜਲਾਲ ਅਤੇ ਸੁਖਵਿੰਦਰ ਕੌਰ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਹੈ। ਜਲਾਲ ਉੱਤਰ ਤਾਲਮੇਲ ਕਮੇਟੀ (ਐਨ.ਸੀ.ਸੀ.) ਯਾਨੀ ਸਾਡੀ ਕਮੇਟੀ, ਦਾ ਮੈਂਬਰ ਸੀ, ਜਦੋਂ ਕਿ ਸੁਖਵਿੰਦਰ ਕੌਰ ਪੰਜਾਬ ਦੀ ਸਾਬਕਾ ਐਸ.ਓ.ਸੀ. (ਸੂਬਾ ਜਥੇਬੰਦਕ ਕਮੇਟੀ) ਦੀ ਮੈਂਬਰ ਸੀ। ਜਲਾਲ ਨੂੰ ਸਾਲ 2024 ਵਿੱਚ ਐਨ.ਸੀ.ਸੀ. ਵਿੱਚ ਸ਼ਾਮਲ ਕੀਤਾ ਗਿਆ ਸੀ। ਪਰ ਉਸ ਦੇ ਘਰ ਐਨ.ਆਈ.ਏ. ਦਾ ਛਾਪਾ ਪੈਣ ਤੋਂ ਬਾਅਦ ਉਹ ਗੈਰ-ਸਰਗਰਮ ਹੋ ਗਿਆ ਅਤੇ ਉਸ ਨੇ ਐਨ.ਸੀ.ਸੀ. ਦੇ ਕੰਮਕਾਰ ਸਬੰਧੀ ਸਾਡੇ ਨਾਲ ਤਾਲਮੇਲ ਕਰਨਾ ਬੰਦ ਕਰ ਦਿੱਤਾ ਸੀ। ਇਸ ਲਈ ਅਸੀਂ ਉਸ ਨੂੰ ਐਸ.ਓ.ਸੀ. ਦੇ ਪੱਧਰ ਤੱਕ ਸੀਮਤ ਕਰ ਦਿੱਤਾ ਸੀ। ਅਸੀਂ ਜਲਾਲ ਅਤੇ ਉਸਦੀ ਸਾਥਣ ਸੁਖਵਿੰਦਰ ਕੌਰ ਨੂੰ ਵਾਰ ਵਾਰ ਘੱਟੋ-ਘੱਟ ਸੂਬੇ ਪੱਧਰ ਉੱਤੇ ਕੰਮ ਕਰਨ ਲਈ ਅਪੀਲ ਕੀਤੀ। ਅਸੀਂ ਉਹਨਾਂ ਨੂੰ ਪਾਰਟੀ ਦੇ ਕੰਮਕਾਜ ਦੀ ਜ਼ੁੰਮੇਵਾਰੀ ਸੰਭਾਲਣ ਦੇ ਲਈ ਵੀ ਕਿਹਾ। ਪਰ ਇਸ ਪੂਰੇ ਘਟਨਾਚੱਕਰ ਦੇ ਦੌਰਾਨ ਉਹਨਾਂ ਨੇ ਸਾਡੇ ਨਾਲ ਤਾਲਮੇਲ ਨਹੀਂ ਕੀਤਾ। ਕਈ ਵਾਰ ਪਹੁੰਚ ਕਰਨ ਤੋਂ ਬਾਅਦ ਜਦੋਂ ਜਲਾਲ ਸਾਨੂੰ ਮਿਲਿਆ, ਤਾਂ ਉਸਨੇ ਸਾਫ ਤੌਰ ਉਤੇ ਕਿਹਾ ਕਿ ਉਹ ਸਾਡੀ ਪਾਰਟੀ ਦੀ ਅਗਵਾਈ ਵਿੱਚ ਕੰਮ ਨਹੀਂ ਕਰੂਗਾ।

ਇਸ ਤੋਂ ਇਲਾਵਾ, ਉਹਨਾਂ ਦੀਆਂ ਹੇਠ ਲਿਖੀਆਂ ਸਰਗਰਮੀਆਂ ਉਪਰ ਧਿਆਨ ਦੇਣਾ ਜ਼ਰੂਰੀ ਹੈ-

1. ਇਹਨਾਂ ਨੇ ``ਪੰਜਾਬਨਾਮਾ'' ਨਾਮ ਦੇ ਪਾਰਟੀ ਵਿਰੋਧੀ, ਵੱਡੇ ਜਾਗੀਰਦਾਰਾਂ ਦੀ ਅਗਵਾਈ ਵਾਲੇ ਜਮਾਤੀ ਸਮਝੌਤਾਵਾਦੀ ਗੁੱਟ ਦੇ ਗਠਨ ਨੂੰ ਹੱਲਾਸ਼ੇਰੀ ਦਿੱਤੀ। ਇਸ ਸੰਗਠਨ ਦਾ ਗਠਨ ਗ਼ਦਾਰ ਹਰਮਨਪ੍ਰੀਤ ਨੇ ਕੀਤਾ ਸੀ। ਇਹ ਸੰਗਠਨ ਸੂਬੇ ਦੀਆਂ ਏਜੰਸੀਆਂ ਦੇ ਨਾਲ ਮਿਲ ਕੇ ਇਨਕਲਾਬੀ ਜਨਤਕ ਜਥੇਬੰਦੀਆਂ ਅਤੇ ਉਹਨਾਂ ਦੇ ਨੇਤਾਵਾਂ ਉੱਤੇ ਹਮਲਾ ਕਰਨ ਦਾ ਕੰਮ ਕਰ ਰਿਹਾ ਹੈ। ਇਸ ਸੰਗਠਨ ਦਾ ਇੱਕੋ-ਇੱਕ ਉਦੇਸ਼ ਸਾਡੀ ਪਾਰਟੀ ਉੱਤੇ ਹਮਲਾ ਕਰਨਾ ਹੈ। ਅਸੀਨ ਉਰਫ ਗਗਨ ਉਰਫ ਅਮਨ ਉਹ ਗ਼ਦਾਰ ਹੈ, ਜਿਸਨੇ ਵੇਨੂਗੋਪਾਲ ਨੂੰ ਆਤਮਸਮਰਪਣ ਕਰਨ ਵਾਸਤੇ ਚਿੱਠੀ ਲਿਖੀ ਸੀ ਹੁਣ ਉਹ ਇਸ ਗੁੱਟ ਨੂੰ ਮਜਬੂਤ ਕਰਨ ਲਈ ਗ਼ਦਾਰ ਹਰਮਨ ਦੇ ਨਾਲ ਕੰਮ ਕਰ ਰਿਹਾ ਹੈ। ਜਲਾਲ ਅਤੇ ਸੁਖਵਿੰਦਰ, ਹਰਮਨ ਦੇ ਨਾਲ ਮਿਲ ਕੇ ਅਤੇ ਜਮਾਤੀ ਦੁਸ਼ਮਣ ਤਾਕਤਾਂ ਨਾਲ ਐਨੇ ਡੂੰਘੇ ਤਾਲਮੇਲ ਨਾਲ ਕੰਮ ਕਰ ਰਹੇ ਹਨ ਕਿ ਉਹ ਇਨਕਲਾਬੀ ਖੇਮੇ ਤੋਂ ਮੂੰਹ ਮੋੜ ਕੇ ਦੁਸ਼ਮਣ ਅਤੇ ਰਾਜਕੀ ਏਜੰਟਾਂ ਦੇ ਖੇਮੇ ਵਿੱਚ ਚਲੇ ਗਏ ਹਨ।
2. ਖੱਬੇ-ਪੱਖੀ ਲਫਾਜੀ ਦੇ ਪਰਦੇ ਵਿੱਚ ਜਲਾਲ ਅਤੇ ਉਸਦੀ ਸਾਥਣ ਸੁਖਵਿੰਦਰ ਕੌਰ ਸੱਜੇ-ਪੱਖੀ ਮੌਕਾਪ੍ਰਸਤ ਸਿਆਸਤ ਕਰ ਰਹੇ ਹਨ। ਇਸ ਮੌਕਾਪ੍ਰਸਤੀ ਦੀ ਹੱਦ ਇਹ ਹੈ ਕਿ ਪਾਰਟੀ ਲੀਹ ਦਾ ਸਾਥ ਦੇਣ ਦਾ ਦਾਅਵਾ ਕਰਨ ਦੇ ਬਾਵਜੂਦ ਉਹਨਾਂ ਨੇ ਗੁਪਤਵਾਸ (ਯੂ.ਜੀ.) ਪਾਰਟੀ ਉਸਾਰੀ ਦੇ ਸਬੰਧ ਵਿੱਚ ਇੱਕ ਇੰਚ ਵੀ ਕਦਮ ਅੱਗੇ ਨਹੀਂ ਵਧਾਇਆ। ਇਸ ਤੋਂ ਉਲਟ, ਉਹ ਪਾਰਟੀ ਦੀ ਗੁਪਤ ਉਸਾਰੀ ਦੀ ਦਿਸ਼ਾ ਵਿੱਚ ਅੱਗੇ ਵਧਣ ਤੋਂ ਰੋਕਣ ਲਈ ਆਪਣੀ ਪੂਰੀ ਤਾਕਤ ਲਾ ਰਹੇ ਹਨ।
3. ਉਹਨਾਂ ਨੇ ਛੇ ਮਹੀਨੇ ਤੋਂ ਵਧੇਰੇ ਸਮੇਂ ਤੱਕ ਪਾਰਟੀ ਢਾਂਚੇ ਵਿੱਚ ਨਾ ਆਉਣ ਤੋਂ ਲੈ ਕੇ ਪਾਰਟੀ ਜਾਬਤੇ ਦੀ ਉਲੰਘਣਾ ਕੀਤੀ ਅਤੇ ਪੰਜਾਬ ਐਸ.ਓ.ਸੀ. ਦੇ ਨਾਮ ਉੱਤੇ ਇੱਕ ਪਾਰਟੀ ਵਿਰੋਧੀ ਗੁੱਟ ਬਣਾ ਲਿਆ ਹੈ।
4. ਇਹਨਾਂ ਨੇ ਪਾਰਟੀ ਕੇਡਰਾਂ ਅਤੇ ਆਗੂਆਂ ਦੇ ਖਿਲਾਫ ਚਿੱਟੀ ਦਹਿਸ਼ਤ ਫੈਲਾਉਣ ਦੇ ਤਰੀਕੇ ਦੀ ਵਰਤੋਂ ਕੀਤੀ। ਉਹਨਾਂ ਨੇ ਹਥਿਆਰਬੰਦ ਸੰਘਰਸ਼ ਦੀ ਰਾਜਨੀਤੀ ਦੇ ਸਬੰਧੀ ਡਰ ਫੈਲਾਇਆ। ਉਹ ਆਪਣੇ ਕੇਡਰਾਂ ਨੂੰ ਲਗਾਤਾਰ ਚੇਤਾਵਨੀ ਦਿੰਦੇ ਰਹੇ ਕਿ ਜੇ ਉਹ ਪਾਰਟੀ ਦੇ ਨਾਲ ਤਾਲਮੇਲ ਕਾਇਮ ਕਰਨਗੇ, ਤਾਂ ਪਾਰਟੀ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦੇਵੇਗੀ ਅਤੇ ਉਹਨਾਂ ਮਰਵਾ ਦੇਵੇਗੀ ਜਾਂ ਜੇਲ੍ਹ ਭਿਜਵਾ ਦੇਵੇਗੀ।

ਕਾਮਰੇਡ ਲੈਨਿਨ ਨੇ ਕਿਹਾ ਸੀ ਕਿ ਮੌਕਾਪ੍ਰਸਤ ਪਾਰਟੀ ਦੇ ਅੰਦਰ ਦੁਸ਼ਮਣ ਦੇ ਏਜੰਟ ਹੁੰਦੇ ਹਨ। ਉਹ ਦੁਸ਼ਮਣ ਤੋਂ ਵੱਖਰੇ ਕਿਵੇਂ ਹਨ? ਉਹ ਆਮ ਤੌਰ ਉੱਤੇ ਮਜ਼ਦੂਰ ਜਮਾਤ ਅਤੇ ਵਿਸ਼ੇਸ਼ ਕਰਕੇ ਪਾਰਟੀ ਦੇ ਗ਼ਦਾਰ ਹਨ। ਸਾਡੀ ਕੇਂਦਰੀ ਕਮੇਟੀ ਨੇ 19-11-2017 ਨੂੰ ਜਲਾਲ ਵਿੱਚ ਆਰਥਿਕਵਾਦ, ਕਾਨੂੰਨਵਾਦ, ਸੁਧਾਰਵਾਦ ਅਤੇ ਅਫਸਰਸ਼ਾਹ ਵਰਗੀਆਂ ਗੈਰ-ਪ੍ਰੋਲੇਤਾਰੀ ਪ੍ਰਵਿਰਤੀਆਂ ਦੀ ਪਛਾਣ ਕੀਤੀ ਸੀ। ਉਹ ਗੰਭੀਰ ਪ੍ਰਵਿਰਤੀਆਂ ਪਹਿਲਾਂ ਭਟਕਾਓ ਵਿੱਚ ਵਿਕਸਤ ਹੋਈਆਂ, ਫੇਰ ਇੱਕ ਸਾਮਾਨਾਂਤਰ (ਮੁਕਾਬਲੇ) ਦੀ ਮੌਕਾਪ੍ਰਸਤ ਲੀਹ ਵਿੱਚ ਬਦਲ ਗਈਆਂ ਅਤੇ ਹੁਣ ਭੰਨਤੋੜਵਾਦ ਤੱਕ ਪਹੁੰਚ ਗਈਆਂ ਹਨ। ਅਸਲ ਵਿੱਚ, ਸਾਲ 2006 ਵਿੱਚ ਪੰਜਾਬ ਸੂਬਾ ਕਮੇਟੀ ਦੇ ਪਲੈਨਮ ਵਿੱਚ ਇੱਕ ਘੱਟਗਿਣਤੀ ਖੇਮਾ ਪ੍ਰਗਟ ਹੋਇਆ ਸੀ। ਇਸ ਖੇਮੇ ਦਾ ਮੱਤ ਸੀ ਕਿ ਪੰਜਾਬ ਦਾ ਭੂਗੋਲ ਪੀ.ਪੀ.ਡਬਲਿਊ. (ਲਮਕਵੇਂ ਲੋਕ-ਯੁਧ) ਦੇ ਲਈ ਅਨੁਕੂਲ ਨਹੀਂ ਹੈ। ਇਸ ਲਈ ਪਾਰਟੀ ਦੇ ਪ੍ਰੋਗਰਾਮ ਨੂੰ ਪੰਜਾਬ ਵਿੱਚ ਲਾਗੂ ਨਹੀਂ ਕੀਤਾ ਜਾ ਸਕਦਾ। ਰਾਜੂ (ਕੇ.ਪੀ.) ਇਸ ਤਰਕ ਦੀ ਅਗਵਾਈ ਕਰ ਰਿਹਾ ਸੀ। ਜਲਾਲ ਸ਼ੁਰੂ ਤੋਂ ਹੀ ਇਸ ਤਰਕ ਨਾਲ ਸਹਿਮਤ ਸੀ, ਪਰ ਇਸ ਲੀਹ ਨੂੰ ਖੁੱਲ੍ਹੇਆਮ ਅਪਣਾਉਣ ਦੀ ਜੁਰਅਤ ਨਹੀਂ ਕਰ ਸਕਿਆ ਅਤੇ ਦ੍ਰਿੜ੍ਹ ਕਦਮ ਨਹੀਂ ਚੁੱਕ ਸਕਿਆ। ਰਾਜੂ ਇੱਕ ਇਮਾਨਦਾਰ ਮੌਕਾਪ੍ਰਸਤ ਹੈ, ਜਦੋਂ ਕਿ ਜਲਾਲ ਬੇਈਮਾਨ ਕਿਸਮ ਦਾ ਮੌਕਾਪ੍ਰਸਤ ਹੈ। ਇਸ ਲਈ ਉਹ ਆਪਣੀ ਲੀਹ ਲਗਾਤਾਰ

ਛੁਪਾਉਂਦਾ ਰਿਹਾ। ਕਾਮਰੇਡ ਮਾਓ ਨੇ ਕਿਹਾ ਸੀ ਕਿ ਬੁਰਜੂਆ ਹਮਸਫਰ ਉਦੋਂ ਪਾਰਟੀ ਅਤੇ ਇਨਕਲਾਬ ਛੱਡ ਦਿੰਦਾ ਹੈ, ਜਦੋਂ ਉਸ ਲੱਗਦਾ ਹੈ ਕਿ ਇਨਕਲਾਬੀਉਸਦੇ ਵਿਅਕਤੀਗਤ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਜਦੋਂ ਜਲਾਲ ਅਤੇ ਸੁਖਵਿੰਦਰ ਨੂੰ ਇਹ ਮਹਿਸੂਸ ਹੋਇਆ ਕਿ ਪਾਰਟੀ ਦੇ ਮੈਂਬਰ ਹੋਣ ਦੇ ਨਾਤੇ ਉਹਨਾਂ ਦੇ ਹਿੱਤ ਅਸਰਅੰਦਾਜ਼ ਹੋ ਰਹੇ ਹਨ, ਤਾਂ ਉਹਨਾਂ ਨੇ ਪਾਰਟੀ ਨੂੰ ਖਤਮ ਕਰਨ ਦਾ ਰਾਹ ਅਖਤਿਆਰ ਕੀਤਾ। ਐਨ.ਆਈ.ਏ. ਦੇ ਛਾਪੇ ਤੋਂ ਬਾਅਦ ਉਹਨਾਂ ਦੀ ਗੈਰ-ਸਰਗਰਮੀ ਨੂੰ ਇਸੇ ਨਾਲ ਸਮਝਿਆ ਜਾ ਸਕਦਾ ਹੈ। ਕਾਮਰੇਡ ਮਾਓ ਨੇ ਕਿਹਾ ਸੀ ਕਿ ``ਇੱਥੇ ਗਲਤੀ ਇਸ ਤੱਥ ਦੀ ਉਲੰਘਣਾ ਕਰਨ ਵਿੱਚ ਹੈ ਕਿ ਬੁਰਜੂਆ ਜਮਾਤ (ਅਤੇ ਵਿਸ਼ੇਸ਼ ਰੂਪ ਵਿੱਚ ਵੱਡੀ ਬੁਰਜੂਆ ਜਮਾਤ) ਨਾ ਸਿਰਫ ਨੀਮ-ਪੂੰਜੀਪਤੀ ਜਮਾਤ ਅਤੇ ਕਿਸਾਨਾਂ ਉੱਤੇ ਪ੍ਰਭਾਵ ਪਾਉਂਦੀ ਹੈ, ਸਗੋਂ ਮਜ਼ਦੂਰ ਜਮਾਤ ਅਤੇ ਕਮਿਊਨਿਸਟ ਪਾਰਟੀ ਨੂੰ ਪ੍ਰਭਾਵਿਤ ਕਰਨ ਦੇ ਲਈ ਵੀ ਆਪਣੀ ਪੂਰੀ ਤਾਕਤ ਲਗਾ ਦਿੰਦੀ ਹੈ। ਉਸਦਾ ਉਦੇਸ਼ ਉਹਨਾਂ ਦੀ ਵਿਚਾਰਧਾਰਕ, ਸਿਆਸੀ ਅਤੇ ਜਥੇਬੰਦਕ ਆਜਾਦੀ ਨੂੰ ਤਬਾਹ ਕਰਨਾ, ਉਹਨਾਂ ਨੂੰ ਬੁਰਜੂਆ ਜਮਾਤ ਅਤੇ ਉਸਦੀ ਸਿਆਸੀ ਪਾਰਟੀ ਦਾ ਪਿੱਛਲੱਗੂ ਬਣਾ ਦੇਣਾ ਅਤੇ ਇਹ ਨਿਸ਼ਚਿਤ ਕਰਨਾ ਹੈ ਕਿ ਇਨਕਲਾਬ ਦਾ ਲਾਭ ਸਿਰਫ ਉਹ ਹੀ ਜਾਂ ਉਸ ਦੀ ਸਿਆਸੀ ਪਾਰਟੀ ਉਠਾਵੇ। ਇਹ ਗਲਤੀ ਇਸ ਤੱਥ ਨੂੰ ਨਜ਼ਰਅੰਦਾਜ਼ ਕਰਨ ਵਿੱਚ ਵੀ ਹੈ ਕਿ ਜਦੋਂ ਵੀ ਇਨਕਲਾਬ ਉਹਨਾਂ ਦੇ ਆਪਣੇ ਸਵਾਰਥੀ ਹਿੱਤਾਂ ਜਾਂ ਉਹਨਾਂ ਦੀ ਸਿਆਸੀ ਪਾਰਟੀ ਦੇ ਹਿੱਤਾਂ ਨਾਲ ਟਕਰਾਉਂਦਾ ਹੈ, ਤਾਂ ਬੁਰਜੂਆ ਜਮਾਤ ਇਨਕਲਾਬ ਦੇ ਨਾਲ ਵਿਸ਼ਵਾਸ਼ਘਾਤ ਕਰ ਦਿੰਦੀ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਨਾ ਸੱਜੇਪੱਖੀ ਮੌਕਾਪ੍ਰਸਤੀ ਹੈ। ਚਿੰਨ ਤੂ-ਸ਼ਿਯੂ ਦੀ ਸੱਜੇਪੱਖੀ ਮੌਕਾਪ੍ਰਸਤੀ ਦੀ ਵਿਸ਼ੇਸ਼ਤਾ ਇਹ ਸੀ ਕਿ ਉਸਨੇ ਮਜ਼ਦੂਰ ਜਮਾਤ ਨੂੰ ਬੁਰਜੂਆ ਜਮਾਤ ਅਤੇ ਉਸਦੀ ਸਿਆਸੀ ਪਾਰਟੀ ਦੇ ਸਵਾਰਥੀ ਹਿੱਤਾਂ ਦੇ ਨਾਲ ਸਮਝੌਤਾ ਕਰਨ ਦੇ ਲਈ ਪ੍ਰੇਰਤ ਕੀਤਾ। ਇਹੀ ਪਹਿਲੇ ਮਹਾਨ ਇਨਕਲਾਬ ਦੀ ਨਾਕਾਮੀ ਦਾ ਅੰਤਰੀਵ ਕਾਰਨ ਸੀ।'' ਇਹ ਹੀ ਸਾਫ ਕਰਦਾ ਹੈ ਕਿ ਪੰਜਾਬ ਤੋਂ ਲੈ ਕੇ ਯੂ.ਪੀ. ਤੱਕ ਸਾਰੇ ਭੰਨਤੋੜਵਾਦੀ ਜਾਂ ਤਾਂ ਨੀਮ-ਪੂੰਜੀਪਤੀ ਜਮਾਤ ਦੇ ਉੱਪਰਲੇ ਤਬਕੇ ਵਿੱਚੋਂ ਆਉਂਦੇ ਹਨ ਜਾਂ ਸਿੱਧੇ ਹਾਕਮ ਜਮਾਤ ਅਤੇ ਉੱਚ ਜਾਤੀ ਪਿਛੋਕੜ ਵਿੱਚੋਂ ਆਉਂਦੇ ਹਨ। ਪਾਰਟੀ ਅਤੇ ਅੰਦੋਲਨ ਦੇ ਬਾਰੇ ਕਿਸੇ ਵਿਅਕਤੀ ਦੀ ਪ੍ਰਤੀਬੱਧਤਾ ਉਸਦੇ ਜਮਾਤੀ ਹਿੱਤਾਂ ਨਾਲ ਤਹਿ ਹੁੰਦੀ ਹੈ। ਜਦੋਂ ਅੰਦੋਲਨ ਉਭਾਰ ਉੱਪਰ ਸੀ ਤਾਂ ਨੀਮ-ਪੂੰਜੀਪਤੀ ਜਮਾਤ ਅਤੇ ਹਾਕਮ ਜਮਾਤ ਦੇ ਲਈ ਨਾਇਕ ਬਣਨਾ ਉਹਨਾਂ ਦੇ ਜਮਾਤੀ ਹਿੱਤਾਂ ਦੇ ਅਨੁਕੂਲ ਸੀ। ਪਰ ਅੱਜ ਦੇ ਸਮੇਂ ਜਦੋਂ ਪਾਰਟੀ ਅਤੇ ਉਸਦੀ ਸਿਆਸੀ ਲੀਹ ਦੇ ਸਬੰਧੀ ਨਿਰਸਵਾਰਥ ਸੇਵਾ ਅਤੇ ਵਿਸ਼ਵਾਸ਼ ਦੀ ਜ਼ਰੂਰਤ ਹੈ, ਤਾਂ ਨੀਮ-ਪੂੰਜੀਪਤੀ ਜਮਾਤ ਅਤੇ ਹਾਕਮ ਜਮਾਤ ਦੀ ਹੰਕਾਰੀ ਜਾਗੀਰੂ ਘਟੀਆ ਸੋਚ ਇਸਦੀ ਇਜਾਜ਼ਤ ਨਹੀਂ ਦਿੰਦੀ।

ਹਾਲ ਹੀ ਵਿੱਚ ``ਨਗਾਰਾ'', ਨਾਮ ਦੇ ਇੱਕ ਪੱਤਰ (ਫੇਸਬੁੱਕ ਪੇਜ) ਉੱਤੇ ਇਸ ਦੇ ਪ੍ਰਬੰਧਕ ਜਲਾਲ ਅਤੇ ਸੁਖਵਿੰਦਰ ਕੌਰ ਨੇ ਸਿੱਧੇ ਤੌਰ ਉੱਤੇ ਪਾਰਟੀ ਉੱਤੇ ਹਮਲਾ ਬੋਲਿਆ ਹੈ ਅਤੇ ਦਾਅਵਾ ਕੀਤਾ ਹੈ ਕਿ ਪਾਰਟੀ ਦੀ ਹੁਣ ਹੋਂਦ ਵਿੱਚ ਨਹੀਂ ਰਹੀ। ਇਹ ਉਸੇ ਮਹਾਨ ਗ਼ਦਾਰ ਭੰਨਤੋੜਵਾਦੀ ਲਾਰਿਨ ਦੀ ਭਾਸ਼ਾ ਹੈ, ਜੋ ਕਾਮਰੇਡ ਲੈਨਿਨ ਦੇ ਸਮੇਂ ਰੂਸ ਵਿੱਚ ਕਮਿਊਨਿਸਟ ਅੰਦੋਲਨ ਉਤੇ ਸੱਟ ਪੈਣ ਦੇ ਦੌਰ ਵਿੱਚ ਕਹਿੰਦਾ ਸੀ ਕਿ ਭੰਨਤੋੜ ਕਰਨ ਦੇ ਲਈ ਹੁਣ ਕੋਈ ਪਾਰਟੀ ਬਚੀ ਹੀ ਨਹੀਂ ਹੈ। ਜਲਾਲ ਅਤੇ ਸੁਖਵਿੰਦਰ ਨੇ, ਸੀਮਾ ਵਿਸ਼ਵਵੀਜੈ ਦੇ ਨਾਲ ਮਿਲ ਕੇ, ਇਹ ਸਾਬਤ ਕਰ ਦਿੱਤਾ ਹੈ ਕਿ ਉਹ ਲਾਰਿਨ ਅਤੇ ਉਸ ਵਰਗੇ ਲੋਕਾਂ ਦੇ ਪੜਪੋਤੇ ਹਨ। ਅਸੀਂ ਕਹਿੰਦੇ ਹਾਂ ਕਿ ਤੁਹਾਡੀ ਇੱਛਾ ਕਦੇ ਪੂਰੀ ਨਹੀਂ ਹੋਵੇਗੀ। ਪਾਰਟੀ ਨੂੰ ਹਰਾਇਆ ਨਹੀਂ ਜਾ ਸਕਦਾ, ਉਹ ਅੱਗੇ ਵਧਦੀ ਰਹੇਗੀ, ਕਿਉਂਕਿ ਇਸ ਧਰਤੀ ਉੱਤੇ ਅਜਿਹੀ ਕੋਈ ਤਾਕਤ ਨਹੀਂ ਹੈ ਜਿਹੜੀ ਸਮਾਜ ਨੂੰ ਕਮਿਊਨਿਜ਼ਮ (ਸਾਂਝੀਵਾਲਤਾ) ਵੱਲ ਹੋਣ ਵਾਲੇ ਵਿਗਿਆਨਕ ਅਤੇ ਤਰਕਸ਼ੀਲ ਵਿਕਾਸ ਨੂੰ ਰੋਕ ਸਕੇ। ਇਤਿਹਾਸਕ ਤਾਕਤ ਦੇ ਵਜੋਂ ਮਜ਼ਦੂਰ ਜਮਾਤ ਦੀ ਕਾਮਯਾਬੀ ਅਤੇ ਮਜ਼ਦੂਰ ਜਮਾਤ ਦੀ

ਤਾਨਾਸ਼ਾਹੀ ਸਥਾਪਤ ਕਰਨ ਦੇ ਇੱਕ ਹਥਿਆਰ ਵਜੋਂ ਉਸਦੀ ਪਾਰਟੀ ਦੀ ਕਾਮਯਾਬੀ ਇਸ ਤਰ੍ਹਾਂ ਲਾਜ਼ਮੀ ਹੈ। ਇਸ ਤਰ੍ਹਾਂ, ਜਲਾਲ ਅਤੇ ਸੁਖਵਿੰਦਰ, ਤੁਹਾਡਾ ਪਤਨ ਵੀ ਲਾਜ਼ਮੀ ਹੈ। ਇਤਿਹਾਸ ਤੁਹਾਨੂੰ ਉਸ ਗਰਦ (ਧੂੜ) ਦੇ ਰੂਪ ਵਿੱਚ ਯਾਦ ਰੱਖੇਗਾ, ਜਿਸ ਨੂੰ ਨਵੇਂ ਆਗਾਜ਼ ਵੱਲ ਅੱਗੇ ਵਧਣ ਲਈ ਛੱਟ ਕੇ ਬਾਹਰ ਕੱਢ ਮਾਰਿਆ ਗਿਆ ਸੀ।

ਅਸੀਂ ਪੰਜਾਬ ਦੇ ਸਾਰੇ ਸਾਥੀਆਂ ਅਤੇ ਇਨਕਲਾਬੀ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਤੀਜੇ ਸੰਸਾਰ ਯੁੱਧ ਵੱਲ ਵਧਦੀਆਂ ਹਾਲਤਾਂ ਦੇ ਖਿਲਾਫ ਉੱਠ ਖੜ੍ਹੇ ਹੋਵੋ, ਪੰਜਾਬ ਦੀ ਧਰਤੀ ਦੀ ਇਨਕਲਾਬੀ ਵਿਦਰੋਹਾਂ ਦੀ ਰਵਾਇਤ ਨੂੰ ਅੱਗੇ ਵਧਾਓ ਅਤੇ ਸਾਡੀ ਪਾਰਟੀ ਦੀ ਅਗਵਾਈ ਵਿੱਚ ਉੱਠ ਰਹੀ ਇਨਕਲਾਬੀ ਲਹਿਰ ਵਿੱਚ ਸ਼ਾਮਲ ਹੋਵੋ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਾਗੀਰੂ-ਬ੍ਰਾਹਮਣਵਾਦੀ ਜਾਗੀਰਦਾਰਾਂ ਦੇ ਖਿਲਾਫ਼ ਹਥਿਆਰਬੰਦ ਗੁਰੀਲਾ ਸੰਘਰਸ਼ਾਂ ਦੀ ਅਗਵਾਈ ਕਰਨ ਵਾਲੇ ਸਿੱਖ ਗੁਰੂਆਂ ਨੂੰ ਵੀ ਹੋਰ ਜੋਰਦਾਰ ਹਮਲਾ ਕਰਨ ਲਈ ਪਿੱਛੇ ਹਟਣਾ ਪਿਆ ਸੀ। ਇਸ ਤਰ੍ਹਾਂ, ਸਾਡੀ ਪਾਰਟੀ ਵੀ ਦੁਸ਼ਮਣ ਉੱਤੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹਮਲਾ ਕਰਨ ਅਤੇ ਨਵ-ਜਮਹੂਰੀ ਇਨਕਲਾਬ (NDR), ਸਮਾਜਵਾਦ ਅਤੇ ਕਮਿਊਨਿਜ਼ਮ (ਸਾਂਝੀਵਾਲਤਾ) ਕਾਇਮ ਕਰਨ ਲਈ ਆਪਣੀ ਵਿਚਾਰਧਾਰਕ ਅਤੇ ਸਿਆਸੀ ਤਾਕਤ ਮਜਬੂਤ ਕਰ ਰਹੀ ਹੈ। ਪੰਜਾਬ ਦੇ ਲੋਕ ਇਸ ਨੂੰ ਬਾਖੂਬੀ ਸਮਝਦੇ ਹਨ। ਉਹ ਸਾਡੇ ਨਾਲ ਹਨ, ਨਾ ਕਿ ਗ਼ਦਾਰ ਭਗੌੜਿਆਂ ਦੇ ਨਾਲ।

ਆਖਿਰ ਵਿੱਚ, ਇਸ ਪ੍ਰੈਸ ਬਿਆਨ ਦੇ ਰਾਹੀਂ ਅਸੀਂ ਸੱਦਾ ਦਿੰਦੇ ਹਾਂ ਕਿ ਸਾਡੀ ਕਮੇਟੀ, ਯਾਨੀ ਐਨ.ਸੀ.ਸੀ., ਜਿਸਦਾ ਗਠਨ ਨਵੰਬਰ 2023 ਦੇ ਪੋਲਿਟ ਬਿਊਰੋ ਮਤੇ ਦੀ ਰੌਸ਼ਨੀ ਵਿੱਚ ਕੀਤਾ ਗਿਆ ਸੀ, ਨੇ ਖੁਦ ਨੂੰ ਪੁਰਾਣੇ ਅਤੇ ਉੱਚ ਪਾਏ ਦੇ ਸਾਰੇ ਭੰਨਤੋੜਵਾਦੀ ਤੇ ਮੌਕਾਪ੍ਰਸਤ ਆਗੂਆਂ ਤੋਂ ਮੁਕਤੀ ਪਾ ਲਈ ਹੈ। ਅਸੀਂ ਦਿੱਲੀ ਦੇ ਚਿੰਨ ਤੂ-ਸ਼ਿਊ ਗੋਪਾਲ ਮਿਸ਼ਰਾ, ਯੂ.ਪੀ. ਦੇ ਚਿੰਨ ਤੂ-ਸ਼ਿਊ ਸੀਮਾ-ਵਿਸ਼ਵਵਿਜੈ, ਹਰਿਆਣਾ ਦੇ ਚਿੰਨ ਤੂ-ਸ਼ਿਊ ਜੋਗਿੰਦਰ ਸਿੰਘ ਅਤੇ ਪੰਜਾਬ ਦੇ ਚਿੰਨ ਤੂ-ਸ਼ਿਊ ਰਾਜੂ ਤੇ ਹੁਣ ਜਲਾਲ ਅਤੇ ਸੁਖਵਿੰਦਰ ਨੂੰ ਬਾਹਰ ਕੱਢ ਮਾਰਿਆ ਹੈ। ਅਸੀਂ ਮੌਕਾਪ੍ਰਸਤ-ਭੰਨਤੋੜਵਾਦੀ-ਸੋਧਵਾਦੀ ਅਤੇ ਉਹਨਾਂ ਦੇ ਸਾਰੇ ਰੰਗ-ਰੂਪਾਂ ਦੇ ਖਿਲਾਫ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਲੈਂਦੇ ਹਾਂ, ਤਾਂ ਕਿ ਸਾਡੀ ਪਾਰਟੀ ਵਿੱਚ ਲੈਨਿਨਵਾਦੀ ਪਾਰਟੀ ਕਾਰਜਵਿਧੀ ਅਤੇ ਅਗਵਾਈ ਵਿੱਚ ਮਾਓਵਾਦੀ ਕਾਰਜਸ਼ੈਲੀ ਨੂੰ ਹੋਰ ਵਧੇਰੇ ਮਜਬੂਤ ਕੀਤਾ ਜਾ ਸਕੇ।

ਜਾਰੀ ਕਰਤਾ-

ਉੱਤਰ ਤਾਲਮੇਲ ਕਮੇਟੀ

ਭਾਕਪਾ(ਮਾਓਵਾਦੀ)